Approved by UGC No. 62531


ਅਪ੍ਰੈਲ-ਜੂਨ 2018

# ਪ੍ਰਤਿਮਾਨ

56

ISSN: 2277-9930

ਮੁੱਲ: 100/-



ਮੁੱਖ ਸੰਪਾਦਕ : ਡਾ. ਅਮਰਜੀਤ ਕੌਂਕੇ

ਮਹਿਮਾਨ ਸੰਪਾਦਕ : ਜਗਦੀਸ਼ ਰਾਏ ਕੁਲਰੀਆਂ

## ਪੰਜਾਬੀ ਲੋਕ-ਵਿਸ਼ਵਾਸ : ਮੌਤ ਦੇ ਪ੍ਰਸੰਗ ਵਿਚ / ਡਾ. ਗੁਰਵੰਤ ਸਿੰਘ

ਪੰਜਾਬੀ ਸਭਿਆਚਾਰ ਵਿਚ ਲੋਕ-ਵਿਸ਼ਵਾਸ ਲੋਕ ਜੀਵਨ ਦੀ ਜ਼ਿੰਦ-ਜਾਨ ਹਨ। ਇਨ੍ਹਾਂ ਦੀ ਇਤਿਹਾਸਕ ਰੂਪ-ਰੇਖਾ ਦਾ ਸੁਨਿਸ਼ਚਿਤ ਖ਼ਾਕਾ ਬਣਾਉਣਾ ਅਸੰਭਵ ਹੈ ਪਰ ਫਿਰ ਵੀ ਅਸੀਂ ਆਖ ਸਕਦੇ ਹਾਂ ਕਿ ਪੰਜਾਬੀ ਲੋਕ-ਵਿਸ਼ਵਾਸ ਇਥੋਂ ਦੇ ਸਭਿਆਚਾਰ ਜਿੰਨੇ ਹੀ ਪੁਰਾਤਨ ਹਨ। ਲੋਕ-ਵਿਸ਼ਵਾਸ ਮਨੁੱਖੀ ਜਨਮ ਤੋਂ ਪਹਿਲਾ ਅਤੇ ਮੌਤ ਤੋਂ ਬਾਅਦ ਦੀਆਂ ਕੁਝ ਰਸਮਾਂ ਵਿਚ ਵੀ ਨਿਭਾਏ ਜਾਂਦੇ ਹਨ। ਲੋਕ-ਵਿਸ਼ਵਾਸ ਬਾਰੇ ਰੀਵਰ ਤੇ ਬੌਸਵਲ ਕਹਿੰਦੇ ਹਨ:

ਪਰੰਪਰਾਗਤ ਤੌਰ 'ਤੇ ਪ੍ਰਵਾਨ ਕਰ ਲਈ ਗਈ ਧਾਰਨਾ ਹੈ, ਇਸ ਵਿਚ ਅਜਿਹੇ ਅਦਭੁਤ ਅਤੇ ਪਰਾਸਰੀਰਕ ਵਿਸ਼ਵਾਸ ਵੀ ਆ ਜਾਂਦੇ ਹਨ, ਜਿਨ੍ਹਾਂ ਨੂੰ ਲੋਕਾਂ ਨਾਲ ਸੰਬੰਧਿਤ ਕਰਨ ਅਤੇ ਪ੍ਰਭਾਵ ਦੀ ਭਾਵਾਤਮਕ ਸਾਂਝ ਦੇ ਨਤੀਜੇ ਵਜੋਂ ਉਸਾਰਨ ਵਿਚ ਅਣਗਿਣਤ ਪੀੜ੍ਹੀਆਂ ਬੀਤ ਚੁੱਕੀਆਂ ਹਨ। ਵਿਸ਼ਵਾਸ ਸ਼ਬਦ ਵਿਚ ਸਾਰੀਆਂ ਭਾਵਨਾਤਮਕ ਅਤੇ ਤਰਕ-ਰਹਿਤ ਭਾਵਨਾਵਾਂ ਸੰਮਿਲਤ ਹਨ।1

ਲੋਕ-ਵਿਸ਼ਵਾਸ ਲੋਕ-ਮਨ ਦੀ ਅਭਿਵਿਅਕਤੀ ਨਾਲ ਸੰਬੰਧਿਤ ਇਕ ਅਜਿਹੀ ਧਾਰਾ ਹੈ ਜੋ ਪਰੰਪਰਾਗਤ ਰੂਪ ਵਿਚ ਪੀੜ੍ਹੀਓ-ਪੀੜ੍ਹੀ ਸਵੀਕਾਰ ਹੁੰਦੀ ਹੋਈ ਸਾਡੇ ਸਭਿਆਚਾਰ ਵਿਚ ਜੀਵਿਤ ਰੂਪ ਵਿਚ ਚੱਲ ਰਹੀ ਹੈ। ਕੁਝ ਲੋਕ-ਵਿਸ਼ਵਾਸ ਮਨੁੱਖ ਦੀ ਕਲਪਨਾ ਦੀ ਉਪਜ ਵੀ ਹਨ। ਜੇਕਰ ਜੀਵਨ ਦੀਆਂ ਪ੍ਰਸਥਿਤੀਆਂ ਸਖ਼ਤ ਹੋਣ ਤਾਂ ਮਨੁੱਖ ਦੀ ਮਨੋਸਥਿਤੀ ਅਸਾਂਵੀ ਹੁੰਦੀ ਹੈ ਕਿਉਂਕਿ ਜੋ ਕੁਝ ਉਸ ਦੇ ਚੌਗਿਰਦੇ ਵਿਚ ਅਸਾਂਵਾਂ ਵਾਪਰਦਾ ਹੈ, ਉਸ ਨੂੰ ਉਹ ਹੁੰਗਾਰਾ ਦਿੰਦਾ ਹੈ। ਉਸ ਨੂੰ ਸਮਝਣ ਲਈ ਉਸ ਪਾਸ ਲੋੜੀਂਦਾ ਗਿਆਨ ਨਹੀਂ ਹੁੰਦਾ ਹੈ। ਉਹ ਆਪਣੇ ਜੀਵਨ ਦੇ ਅਸਾਵੇਂਪਨ ਨੂੰ ਬਾਹਰੀ ਪ੍ਰਸਥਿਤੀਆਂ ਦੇ ਅਸਾਵੇਂਪਨ ਨਾਲ ਜੋੜ ਕੇ ਨਿਕਲਣ ਵਾਲੇ ਅਸਾਵੇਂ ਨਤੀਜਿਆਂ ਪ੍ਰਤੀ ਧੀਰ ਕਰਦਾ ਹੈ। ਕੁਝ ਸਥਿਤੀਆਂ, ਪ੍ਰਸਥਿਤੀਆਂ ਦੇ ਕਾਰਜ ਅਤੇ ਵਸਤਾਂ ਸਮੇਂ-ਸਮੇਂ ਮਨੁੱਖੀ ਮਾਨਸਿਕਤਾ ਉੱਪਰ ਜੋ ਪ੍ਰਭਾਵ ਪਾਉਂਦੇ ਰਹੇ, ਉਹਨਾਂ ਪ੍ਰਭਾਵਾਂ ਸਦਕਾ ਹੀ ਅਨੇਕ ਤਰ੍ਹਾਂ ਦੇ ਲੋਕ-ਵਿਸ਼ਵਾਸ ਜਨਮੇ ਅਤੇ ਸਮੇਂ ਦੇ ਵਿਕਾਸ ਨਾਲ ਇਹ ਵਿਸ਼ਵਾਸ ਪ੍ਰਫੁੱਲਿਤ ਹੋਏ ਤੇ ਵਿਗਸਦੇ ਰਹੇ।

ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰ ਰਹੇ ਵਿਅਕਤੀ ਦਾ ਇਕ ਦਿਨ ਅੰਤਿਮ ਦਿਹਾੜਾ ਆ ਜਾਂਦਾ ਹੈ। ਪੰਜਾਬੀ ਲੋਕ ਮੌਤ ਨੂੰ ਜੀਵਨ ਪ੍ਰਵਾਹ ਦਾ ਅੰਤ ਨਹੀਂ, ਇਕ ਪੜਾਅ ਮੰਨਦੇ ਹਨ। ਉਹਨਾਂ ਦੇ ਵਿਸ਼ਵਾਸ ਅਨੁਸਾਰ ਸਰੀਰ ਇਕ ਚੋਲੇ ਸਮਾਨ ਹੈ ਜਦੋਂ ਇਹ ਪੁਰਾਣਾ ਹੋ ਜਾਂਦਾ ਹੈ ਤਾਂ ਆਤਮਾ ਇਸ ਨੂੰ ਤਿਆਗ ਕੇ ਨਵਾਂ ਚੋਲਾ ਪਹਿਣ ਲੈਂਦੀ ਹੈ। ਮੌਤ ਨੂੰ ਸਾਰੇ ਜੀਵਨ ਵਿਵਹਾਰ ਦੀਆਂ ਮੁਸੀਬਤਾਂ, ਦੁੱਖਾਂ,.ਗਮਾਂ ਨਾਲੋਂ ਵੱਡੀ, ਨਾ ਟਾਲੀ ਜਾ ਸਕਣ ਵਾਲੀ ਮੁਸੀਬਤ ਅਤੇ ਵਿਨਾਸ਼ਕ ਮੰਨਿਆ ਜਾਂਦਾ ਹੈ। ਇਸ ਸਮੇਂ ਜੋ ਸੰਸਕਾਰ ਕੀਤੇ ਜਾਂਦੇ ਹਨ। ਉਹ ਉਸ ਦੇ ਅਗਲੇ ਜਨਮ ਦੇ ਰਸਤੇ ਨੂੰ ਸੁਆਰਨ ਲਈ ਕੀਤੇ ਜਾਂਦੇ ਹਨ। ਇਹ ਸੰਸਕਾਰ ਬੱਚਿਆਂ, ਮਰਦਾਂ, ਜਨਾਨੀਆਂ, ਬੁੱਢੀਆਂ ਜਾਂ ਜਵਾਨ ਮੁੰਡੇ-ਕੁੜੀਆਂ ਦੀ ਮੌਤ ਸਮੇਂ ਭਿੰਨ-ਭਿੰਨ ਹੁੰਦੇ ਹਨ।

ਪੰਜਾਬੀ ਸਭਿਆਚਾਰ ਵਿਚ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਜਦੋਂ ਕੋਈ ਵਿਅਕਤੀ ਮਰ ਰਿਹਾ ਹੁੰਦਾ ਹੈ ਤਾਂ ਉਸ ਨੂੰ ਮੰਜੇ ਤੋਂ ਥੱਲੇ ਉਤਾਰ ਕੇ ਹੇਠਾਂ ਜ਼ਮੀਨ ਉੱਪਰ ਉਸ ਦਾ ਮੂੰਹ ਉੱਤਰ ਵੱਲ ਤੇ ਪੈਰ ਪੂਰਬ ਵੱਲ ਕਰ ਕੇ ਲਿਟਾ ਦਿੱਤਾ ਜਾਂਦਾ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਮੰਜੇ ਉੱਪਰ ਮਰਿਆ ਪ੍ਰਾਣੀ ਭੂਤ-ਪ੍ਰੇਤ ਦੀ ਜੂਨ ਪੈਂਦਾ ਹੈ। ਇਸ ਸਮੇਂ ਉਸ ਦੇ ਮੂੰਹ ਵਿਚ ਗੰਗਾਜਲੀ ਅਤੇ ਤੁਲਸੀ ਦੇ ਪੱਤੇ ਪਾਏ ਜਾਂਦੇ ਹਨ। ਉਸ ਦਾ ਅੱਗਾ ਸੁਆਰਨ ਲਈ ਹਿੰਦੂ ਗੀਤਾ ਤੇ ਸਿੱਖ ਸੁਖਮਨੀ ਸਾਹਿਬ ਦਾ ਪਾਠ ਕਰਦੇ ਹਨ। ਧਰਤੀ ਉੱਪਰ ਲਿਟਾ ਕੇ ਵਿਅਕਤੀ ਦੇ ਹੱਥੋਂ ਦਾਨ ਕਰਵਾਇਆ ਜਾਂਦਾ ਹੈ। ਪੁਰਾਤਨ ਸਮੇਂ ਵਿਚ ਮਰਨ ਵਾਲੇ ਵਿਅਕਤੀ ਕੋਲੋਂ ਗਊ ਦਾ ਦਾਨ ਕਰਵਾਇਆ ਜਾਂਦਾ ਸੀ। ਆਟੇ ਜਾਂ ਦਾਣਿਆਂ ਨੂੰ ਹੱਥ ਲਵਾ ਕੇ ਮੰਗਤਿਆਂ ਤੇ ਗ਼ਰੀਬਾਂ ਵਿਚ ਵੰਡ ਦਿੱਤਾ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਇਹ ਦਾਨ ਵਿਅਕਤੀ ਲਈ ਅਗਲੇ ਲੋਕ ਲਈ ਸਹਾਇਕ ਬਣਦਾ ਹੈ। ਮਰ ਰਹੇ ਵਿਅਕਤੀ ਦੇ ਲਾਗੇ ਦੀਵੇ ਦੀ ਨਿਰੰਤਰ ਜੋਤ ਜਗਾਈ ਜਾਂਦੀ ਹੈ। ਲੋਕ-ਨਿਸ਼ਚੇ ਅਨੁਸਾਰ ਦੀਵੇ ਦੀ ਰੌਸ਼ਨੀ ਵਿਅਕਤੀ ਨੂੰ ਅਗਲੇ ਲੋਕ ਦਾ ਰਸਤਾ ਵਿਖਾਉਂਦੀ ਹੈ ਅਤੇ ਪਾਠ ਉਸ ਦੀ ਮੁਕਤੀ ਲਈ ਸਹਾਈ ਹੁੰਦਾ ਹੈ।

ਸ਼ਮਸ਼ਾਨ ਭੂਮੀ ਦੇ ਅੱਧ ਵਿਚ ਜਾ ਕੇ ਮੁਰਦੇ ਨੂੰ ਧਰਤੀ ਉੱਤੇ ਰੱਖ ਦਿੱਤਾ ਜਾਂਦਾ ਹੈ। ਇਸ ਜਗ੍ਹਾ 'ਤੇ ਪਾਣੀ ਨਾਲ ਭਰੇ ਹੋਏ ਕੁੱਜੇ ਨਾਲ ਮੁਰਦੇ ਦੇ ਚਾਰੇ ਪਾਸੇ 'ਕਾਰ' ਕੀਤੀ ਜਾਂਦੀ ਹੈ ਤੇ ਫਿਰ ਜ਼ੋਰ ਦੀ ਕੋਰੇ ਕੁੱਜੇ ਨੂੰ ਸਿਰ ਦੇ ਲਾਗੇ ਭੰਨ ਦਿੱਤਾ ਜਾਂਦਾ ਹੈ। ਲੋਕ-ਵਿਸ਼ਵਾਸ ਅਨੁਸਾਰ ਪਾਣੀ ਨਾਲ ਭਰੇ ਕੁੱਜੇ ਦਾ ਭੰਨਣਾ ਵਿਅਕਤੀ ਦੀ ਇਸ ਹੋਂਦ ਮੂਲਕ ਸੰਸਾਰ ਤੋਂ ਯਾਤਰਾ ਸਮਾਪਤੀ ਜਾਂ ਸੰਪੂਰਨਤਾ ਹੈ ਤੇ ਅਗਲੇ ਲੋਕ ਦੀ ਯਾਤਰਾ ਦੀ ਸ਼ੁਰੂਆਤ ਹੈ। ਮਰੇ ਹੋਏ ਵਿਅਕਤੀ ਦੀ ਅਰਥੀ ਘੁੰਮਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਵਿਅਕਤੀ ਆਪਣੇ ਘਰ ਦਾ ਰਸਤਾ ਭੁੱਲ ਜਾਂਦਾ ਹੈ। ਅਰਥੀ ਦੇ ਅੱਗੇ-ਅੱਗੇ ਤੁਰਨਾ ਬਦਸ਼ਗਨੀ ਮੰਨਿਆ ਜਾਂਦਾ ਹੈ ਕਿਉਂਕਿ ਅੱਗੇ ਤੁਰਨ ਵਾਲਾ ਪ੍ਰਾਣੀ ਮ੍ਰਿਤਕ ਤੋਂ ਵੀ ਪਹਿਲਾ ਮਰਘਟ ਅਰਥਾਤ ਜਮਪੁਰੀ ਪਹੁੰਚਣਾ ਚਾਹੁੰਦਾ ਹੈ। ਲੋਕ-ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਵਾਲਾ ਪ੍ਰਾਣੀ ਦੋ-ਤਿੰਨ ਦਿਨ ਬਾਅਦ ਮਰ ਜਾਂਦਾ ਹੈ।